News Release

City of Mississauga
300 City Centre Drive
Mississauga, ON L5B 3C1

MISSISSAUGA

mississauga.ca facebook.com/citymississauga twitter.com/citymississauga

# ਵਾਰਡ 5 ਕਾਉਂਸਲਰ ਲਈ ਉਪ-ਚੋਣਾਂ, 10 ਜੂਨ, 2024 ਨੂੰ ਹੋਣਗੀਆਂ

20 ਮਾਰਚ, 2024

ਅੱਜ, Mississauga ਸਿਟੀ ਕਾਉਂਸਿਲ (City Council) ਨੇ ਵਾਰਡ 5 ਕਾਉਂਸਲਰ ਦੀ ਸੀਟ ਦੇ ਖਾਲੀ ਹੋਣ ਦਾ ਐਲਾਨ ਕੀਤਾ (declared the Ward 5 Councillor seat vacant) ਅਤੇ ਸੋਮਵਾਰ, 10 ਜੂਨ, 2024 ਨੂੰ ਵਾਰਡ 5 ਕਾਉਂਸਲਰ ਦੀਆਂ ਉਪ-ਚੋਣਾਂ ਆਯੋਜਿਤ ਕਰਨ ਲਈ, ਲੋੜੀਂਦਾ ਬਾਇ-ਲਾਅ ਪਾਸ ਕੀਤਾ; ਇਸੇ ਤਾਰੀਖ ਨੂੰ ਮੇਅਰ ਲਈ ਉਪ-ਚੋਣਾਂ ਹੋਣੀਆਂ ਹਨ।

ਵਿਧਾਨ ਦੇ ਮੁਤਾਬਕ, ਜਦੋਂ ਸੀਟ ਆਫਿਸ ਦੀ ਟਰਮ ਦੇ ਇਸ ਸਮੇਂ ਖਾਲੀ ਹੁੰਦੀ ਹੈ, ਤਾਂ ਵੈਕੈਂਸੀ (ਖਾਲੀ ਅਸਾਮੀ) ਭਰਨ ਲਈ ਉਪ-ਚੋਣਾਂ ਕਰਵਾਉਣਾ ਲਾਜ਼ਮੀ ਹੁੰਦਾ ਹੈ। Mississauga ਵਿੱਚ, ਵੈਕੈਂਸੀ, ਪੂਰਵ ਵਾਰਡ 5 ਕਾਉਂਸਲਰ, ਕੈਰੋਲਿਨ ਪੈਰਿਸ਼ ਦੇ ਅਸਤੀਫੇ (resignation of former Ward 5 Councillor, Carolyn Parrish) ਨਾਲ ਪੈਦਾ ਹੋਈ ਸੀ, ਜੋ 15 ਜਨਵਰੀ, 2024 ਨੂੰ ਪ੍ਰਭਾਵੀ ਹੋਇਆ ਸੀ।

## ਵਾਰਡ 5 ਕਾਉਂਸਲਰ ਲਈ ਉਮੀਦਵਾਰ ਬਣੋ

ਜੇਕਰ ਤੁਸੀਂ ਉਮੀਦਵਾਰ ਬਣਨਾ ਚਾਹੁੰਦੇ ਹੋ ਅਤੇ ਵਾਰਡ 5 ਕਾਉਂਸਲਰ ਲਈ ਚੋਣਾਂ ਲੜਨਾ ਚਾਹੁੰਦੇ ਹੋ, ਤਾਂ ਤੁਹਾਡੇ ਲਈ 26 ਅਪ੍ਰੈਲ, 2024 ਨੂੰ ਦੁਪਹਿਰ ਬਾਅਦ 2 ਵਜੇ ਤੱਕ, ਆਪਣਾ ਨਾਮਾਂਕਣ ਜਮ੍ਹਾਂ ਕਰਨਾ ਲਾਜ਼ਮੀ ਹੈ।

ਉਮੀਦਵਾਰ ਵਜੋਂ ਯੋਗ ਹੋਣ ਵਾਸਤੇ, ਤੁਹਾਡੇ ਲਈ ਲਾਜ਼ਮੀ ਹੈ:

- ਕੈਨੇਡਾ ਦੇ ਨਾਗਰਿਕ ਹੋਵੋ
- ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੋਵੇ
- Mississauga ਦੇ ਵਸਨੀਕ ਹੋਵੋ ਜਾਂ Mississauga ਵਿੱਚ ਪ੍ਰਾਪਰਟੀ ਦੇ ਮਾਲਕ ਜਾਂ ਕਿਰਾਏਦਾਰ ਹੋਵੋ ਜਾਂ ਸ਼ਹਿਰ ਵਿੱਚ ਪ੍ਰਾਪਰਟੀ ਦੇ ਮਾਲਕ ਜਾਂ ਕਿਰਾਏਦਾਰ ਦੇ ਜੀਵਨਸਾਥੀ ਹੋਵੋ
- *ਮਿਊਨਿਸਿਪਲ ਇਲੈਕਸ਼ਨਸ ਐਕਟ, 1996 (Municipal Elections Act, 1996)* ਜਾਂ ਕਿਸੇ ਹੋਰ ਬਾਇ-ਲਾਅ ਹੇਠ ਤੁਹਾਡੇ ਤੇ ਪਾਬੰਦੀ ਨਾ ਲੱਗੀ ਹੋਵੇ

ਰਜਿਸਟਰ ਕਰਨ ਵਾਸਤੇ, ਤੁਹਾਡੇ ਲਈ ਲਾਜ਼ਮੀ ਹੈ:

1. ਨਾਮਾਂਕਣ ਪੈਕੇਜ (nomination package) ਪੂਰਾ ਕਰੋ।
2. ਆਪਣਾ ਪੂਰਾ ਕੀਤਾ ਪੈਕੇਜ ਫਾਈਲ ਕਰਨ ਲਈ ਇਲੈਕਸ਼ਨ ਅਫਸਰ (Election Official) ਦੇ ਨਾਲ ਵਿਅਕਤੀਗਤ ਤੌਰ ਤੇ ਮਿਲਣ ਵਾਸਤੇ ਅਪੋਇੰਟਮੈਂਟ ਬੁੱਕ ਕਰੋ। ਇਲੈਕਸ਼ਨ ਅਫਸਰ ਤੁਹਾਡੀ ਪਛਾਣ ਅਤੇ ਦਸਤਾਵੇਜ਼ਾਂ ਦੀ ਤਸਦੀਕ ਕਰੇਗਾ ਅਤੇ ਯਕੀਨੀ ਬਣਾਵੇਗਾ ਕਿ ਤੁਹਾਡਾ ਨਾਮਾਂਕਣ ਪੈਕੇਜ ਪੂਰਾ ਹੈ ਅਤੇ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ।
3. 100 ਡਾਲਰ ਦੀ ਨਾਮਾਂਕਣ ਫੀਸ ਦਾ ਭੁਗਤਾਨ ਕਰੋ। ਇਹ ਭੁਗਤਾਨ ਉਦੋਂ ਕਰਨਾ ਹੁੰਦਾ ਹੈ, ਜਦੋਂ ਇਲੈਕਸ਼ਨ ਅਫਸਰ ਵੱਲੋਂ ਤੁਹਾਡੇ ਨਾਮਾਂਕਣ ਪੈਕੇਜ ਅਤੇ ਪਛਾਣ ਦੀ ਤਸਦੀਕ ਕਰ ਲਈ ਜਾਂਦੀ ਹੈ।

City of Mississauga
300 City Centre Drive
Mississauga, ON L5B 3C1



## ਉਮੀਦਵਾਰ ਜਾਣਕਾਰੀ ਸੈਸ਼ਨ ਵਿੱਚ ਸ਼ਾਮਲ ਹੋਵੋ

ਉਹਨਾਂ ਲਈ ਮੰਗਲਵਾਰ, 26 ਮਾਰਚ ਨੂੰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ, ਇੱਕ ਮੁਫਤ ਉਮੀਦਵਾਰ ਜਾਣਕਾਰੀ ਸੈਸ਼ਨ ਆਯੋਜਿਤ ਕੀਤਾ ਜਾ ਰਿਹਾ ਹੈ, ਜੋ ਵਾਰਡ 5 ਕਾਉਂਸਲਰ ਜਾਂ Mississauga ਦੇ ਮੇਅਰ ਲਈ ਉਪ-ਚੋਣਾਂ ਲੜਨ ਦੇ ਇਛੁੱਕ ਹਨ ਜਾਂ ਇਸ ਬਾਰੇ ਵਿਚਾਰ ਕਰ ਰਹੇ ਹਨ। ਤੁਸੀਂ ਵਿਅਕਤੀਗਤ ਤੌਰ ਤੇ ਕਾਉਂਸਿਲ ਚੈਂਬਰਸ (Council Chambers) ਵਿੱਚ Mississauga ਸਿਟੀ ਹਾਲ (City Hall) ਵਿਖੇ, ਵਿਅਕਤੀਗਤ ਤੌਰ ਤੇ ਸ਼ਾਮਲ ਹੋਣ ਦੀ ਚੋਣ ਕਰ ਸਕਦੇ ਹੋ ਜਾਂ ਲਾਈਵਸਟ੍ਰੀਮ ਦੇਖ ਸਕਦੇ ਹੋ।

ਉਹਨਾਂ ਲਈ, ਜੋ ਉਮੀਦਵਾਰ ਵਜੋਂ ਲੜਨ ਦੇ ਇਛੁੱਕ ਹਨ ਜਾਂ ਇਸ ਬਾਰੇ ਵਿਚਾਰ ਕਰ ਰਹੇ ਹਨ, ਉਪਯੋਗੀ ਜਾਣਕਾਰੀ ਇੱਥੇ: mississaugavotes.ca/by-election-2024/for-candidates/ ਉਪਲਬਧ ਹੈ।

2024 ਦੀਆਂ ਉਪ-ਚੋਣਾਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/elections ਤੇ ਜਾਓ ਜਾਂ 905-615-VOTE (8683) ਤੇ ਫੋਨ ਕਰੋ।

### ਫੋਟੋ:




-30-

**ਮੀਡੀਆ ਸੰਪਰਕ**:

City of Mississauga Media Relations
media@mississauga.ca
905-615-3200, ਐਕਸਟੈਨਸ਼ਨ 5232

TTY: 905-896-5151